M.A-I Sem-I Music (V)

Paper-I Scientific & Accoustical Study of Hindustani Music (Vocal)

Section - B

Q5. Evolution of notation system, it merits, demerits and importance in music education.

Ans. ਬ੍ਰਿਹੱਦੇਸ਼ੀ ਅਤੇ ਸੰਗੀਤ ਰਤਨਾਕਰ ਆਦਿ ਗ੍ਰੰਥਾਂ ਵਿੱਚ ਲਿਖੇ ਹੀ ਸਵਰਾਂ ਲਈ ਕੋਮਲ, ਤੀਵਰ, ਸ਼ੁੱਧ ਆਦਿ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਗਈ ਅਤੇ ਨਾ ਹੀ ਤਾਲ ਜਾਂ ਲੈਅ ਲਈ ਕੋਈ ਵਿਸ਼ੇਸ਼ ਚਿੰਨ੍ਹ ਮਿਲਦੇ ਹਨ। ਇਸ ਦਾ ਕਾਰਨ ਇਹ ਸੀ ਕਿ ਭਰਤ ਦੇ ਕਾਲ ਵਿੱਚ ਸੰਗੀਤ ਗ੍ਰਾਮ, ਮੂਰਛਨਾ ਅਤੇ ਜਾਤੀਆਂ ਉੱਤੇ ਆਧਾਰਿਤ ਸੀ। ਗ੍ਰਾਮ, ਮੂਰਛਨਾ ਪ੍ਰਣਾਲੀ ਦੇ ਅਲੋਪ ਹੋ ਜਾਣ ਤੇ ਜਦੋਂ ਰਾਗ ਗਾਇਨ ਪ੍ਰਚਾਰ ਵਿੱਚ ਆਇਆ ਤਾਂ ਸਵਰਿਤ ਅਰਥਾਤ ਆਧਾਰ ਸਵਰ ਸ਼ੜਜ ਅਚਲਨ ਦੀ ਸਥਾਪਨਾ ਹੋਣ ਲਗ ਪਈ। ਸ਼ੜਜ ਤੇ ਪੰਚਮ ਸਵਰ ਅਚੱਲ ਹੋ ਗਏ। ਸਵਰਾਂ ਦੇ ਚੜ੍ਹੇ, ਉਤਰੇ ਰੂਪ ਸਾਹਮਣੇ ਆਏ ਅਤੇ ਅਨੇਕ ਹੋਰ ਚਿੰਨ੍ਹ ਦੀ ਲੋੜ ਮਹਿਸੂਸ ਹੋਣ ਲੱਗੀ। ਸ੍ਰੀ ਸ਼ਾਰੰਗਦੇਵ ਨੇ ਵਿਕ੍ਰਿਤ ਸਵਰ ਤਾਂ ਦੱਸੇ ਪਰ ਉਸ ਕਾਲ ਵਿੱਚ ਸੰਗੀਤ ਗ੍ਰਾਮ ਮੂਰਛਨਾ ਪ੍ਰਣਾਲੀ ਦੇ ਅੰਤਰਗਤ ਹੋਣ ਕਾਰਨ ਵਿਕ੍ਰਿਤ ਸਵਰਾਂ ਦੇ ਚਿੰਨ੍ਹਾਂ ਦੀ ਲੋੜ ਨਹੀਂ ਸੀ ਸਮਝੀ ਗਈ। ਮੇਲ ਪ੍ਰਣਾਲੀ ਦੇ ਵਿਕਾਸ ਨਾਲ ਵਿਵਸਥਾ ਵਿੱਚ ਬਦਲਾਵ ਆਇਆ। ਪੰਡਤ ਵਿਅੰਕਟਮੁਖੀ ਨੇ 72 ਮੇਲਾਂ ਦੀ ਰਚਨਾ ਕਰਕੇ ਵਿਕ੍ਰਿਤ ਸਵਰਾਂ ਲਈ ਆ, ਈ, ਉ ਆਦਿ ਚਿੰਨ੍ਹ ਨਿਸ਼ਚਿਤ ਕੀਤੇ। ਉਹਨਾਂ ਨੇ ਕੋਮਲ ਰੇ ਲਈ ਰੇ, ਸ਼ੁੱਧ ਰੇ ਲਈ ਰੀ ਅਤੇ 6 ਸ਼ਰੁਤੀਆਂ ਵਾਲੇ ਰੇ ਲਈ ਰੂ ਨਾਮ ਦਾ ਪ੍ਰਯੋਗ ਕੀਤਾ।

ਮੱਧਕਾਲ ਵਿੱਚ ਭਾਰਤ ਸਾਰੇ ਕਲਾਕਾਰਾਂ ਦੀ ਕਲਾ ਲਿਪੀਬੱਧ ਨਾ ਹੋਣ ਕਰਕੇ ਉਹ ਕਲਾ ਉਹਨਾਂ ਦੀ ਮੌਤ ਨਾਲ ਹੀ ਸਮਾਪਤ ਹੁੰਦੀ ਰਹੀ। ਮੁਸਲਿਮ ਕਾਲ ਤੋਂ ਲੈ ਕੇ 20ਵੀਂ ਸਦੀ ਦੇ ਅੰਤਿਮ ਤੌਰ ਇਹੀ ਸਿਲਸਿਲਾ ਚਲਦਾ ਰਿਹਾ। ਬ੍ਰਿਟਿਸ਼ ਕਾਲ ਵਿੱਚ ਯੂਰਪ ਤੋਂ ਜਿਹੜੇ ਸੰਗੀਤ ਪ੍ਰੇਮੀ ਅਤੇ ਵਿਦਵਾਨ ਭਾਰਤ ਆਏ ਉਹਨਾਂ ਨੇ Bach, Mazart, Beethoven Wagner ਵਰਗੇ ਮਸ਼ਹੂਰ ਪੱਛਮੀ ਵਿਦਵਾਨ ਸੰਗੀਤਕਾਰਾਂ ਦੀਆਂ ਕ੍ਰਿਤੀਆਂ ਨੂੰ ਸੰਗੀਤ ਲਿਪੀਬੱਧ ਕਰਕੇ ਇੱਥੇ ਪ੍ਰਚਲਿਤ ਕੀਤਾ। ਉਹਨਾਂ ਤੋਂ ਪ੍ਰੇਰਿਤ ਹੋ ਕੇ ਭਾਰਤ ਸਾਰੇ ਹਿੰਦੁਸਤਾਨੀ ਵਿਦਵਾਨਾਂ ਨੇ ਆਪਣੀ ਵਿਰਾਸਤ ਨੂੰ ਸਾਂਭਣ ਲਈ ਸਵਰਲਿਪੀ ਪਧਤੀ ਦੀ ਲੋੜ ਨੂੰ ਪਹਿਚਾਣਿਆ। ਉਹਨਾਂ ਨੇ ਵਿਗਿਆਨਕ ਸਵਰ ਲਿਪੀ ਪਧਤੀ ਦੇ ਨਿਰਮਾਣ ਲਈ ਕਈ ਸਫਲਤਾਪੂਰਨ ਉਪਰਾਲੇ ਕੀਤੇ। Sawrindro Mohan Tagore ਨੇ ਬੰਗਾਲ ਵਿਚ ਅਤੇ Chinnaswami Mudaliar ਨੇ ਦੱਖਣ ਵਿਚ ਇਸ ਕੰਮ ਪ੍ਰਤੀ ਯੋਗਦਾਨ ਦਿੱਤਾ। ਕਈ ਵਿਦਵਾਨਾਂ ਨੇ ਆਪਣੀਆਂ ਪੁਸਤਕਾਂ ਵਿੱਚ ਵਿਦੇਸ਼ੀ ਪ੍ਰਭਾਵ ਤੋਂ ਪ੍ਰੇਰਿਤ ਹੋ ਕੇ ਸਟਾਫ ਨੋਟੇਸ਼ਨ ਨੂੰ ਅਪਣਾਇਆ। ਜਿਹਨਾਂ ਵਿੱਚ Shri Krishan Bandopadhyay ਕ੍ਰਿਤ ਸਿਤਾਰ ਸਿਖਿਆ ਅਤੇ Sowrindro Mohan Tagore ਕ੍ਰਿਤ ਸੰਗੀਸਾਰ ਪ੍ਰਸਤਰ ਦਾ ਨਾਂ ਲਿਆ ਜਾ ਸਕਦਾ ਹੈ। ਇਸੇ ਲੜੀ ਵਿਚ ਸ੍ਰੀ ਕਾਲੀ ਪ੍ਰਸੰਨ ਬੈਨਰਜੀ, ਸ੍ਰੀ ਮੌਲਾ ਬਖ਼ਸ਼ ਅਤੇ ਸ੍ਰੀ ਜਤਿੰਦਰ ਨਾਥ ਠਾਕੁਰ ਦਾ ਨਾਂ ਵੀ ਸ਼ਾਮਿਲ ਹੈ।

Scanned by CamScanner

ਇਹਨਾਂ ਤੋਂ ਇਲਾਵਾ ਸ੍ਰੀ ਪੰਨਾਲਾਲ ਗੋਸਵਾਮੀ ਨੇ ਨਾਦ ਵਿਨੋਦ ਵਿਚ ਅਤੇ ਹੋਰ ਕਈ ਵਿਦਵਾਨਾਂ ਨੇ ਆਪਣੀਆਂ ਲਿਖੀ ਪੋਥੀਆਂ ਰਾਹੀਂ ਆਪਣੇ ਹੀ ਚਿੰਨ੍ਹ ਵਿਕਸਿਤ ਕੀਤੇ ਅਤੇ ਉਹਨਾਂ ਨੂੰ ਆਪਣੀ ਰਚਨਾਵਾਂ ਦਾ ਆਧਾਰ ਬਣਾਇਆ ਪਰ ਤਕਰੀਬਨ ਚਾਰ ਦਹਾਕੇ ਵਿਚ ਇਹ ਪ੍ਰਚਲਨ ਵਿਚੋਂ ਨਹੀਂ ਰਹੇ। ਸਾਰੇ ਦੀਆਂ ਬਾਰੀਕੀਆਂ ਨੂੰ ਲਿਖਤੀ ਰੂਪ ਪ੍ਰਦਾਨ ਕਰਨਾ ਅਸੰਭਵ ਹੈ। ਵੈਸੇ ਤਾਂ ਬਹੁਤ ਸਾਰੇ ਵਿਦਵਾਨਾਂ ਨੇ ਸਵਰਲਿਪੀ ਪਧਤੀ ਆਪੋ-ਆਪਣੀ ਸੋਚ ਰਾਹੀਂ ਬਣਾਈ ਪਰ ਸਵਰਲਿਪੀ ਪਧਤੀ ਜੋ ਅੱਜ ਤਕ ਅਪਣਾਈ ਜਾ ਰਹੀ ਹੈ ਉਸ ਦਾ ਸਿਹਰਾ ਵਿਸ਼ਨੂੰ ਨਾਰਾਇਣ ਭਾਤਖੰਡੇ ਅਤੇ ਵਿਸ਼ਨੂੰ ਦਿਗੰਬਰ ਪਲੁਸਕਰ ਜੀ ਨੂੰ ਜਾਂਦਾ ਹੈ। ਹੁਣ ਅਸੀਂ ਇਹਨਾਂ ਦੋਨਾਂ ਵਿਦਵਾਨਾਂ ਦੀ ਸਵਰਲਿਪੀ ਪ੍ਰਣਾਲੀ ਦਾ ਅਧਿਐਨ ਕਰਾਂਗੇ।

## ਭਾਤਖੰਡੇ ਸਵਰਲਿਪੀ ਪਧਤੀ

ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਉਸ ਯੁੱਗ ਵਿੱਚ ਹੋਏ ਸਨ ਜਦੋਂ ਸੰਗੀਤ ਕਲਾ ਘਰਾਣਿਆਂ ਦੀ ਸੀਮਾ ਅੰਦਰ ਕੁਝ ਵਿਸ਼ੇਸ਼ ਪਰਿਵਾਰਾਂ ਅਤੇ ਸ਼ਾਗਿਰਦਾਂ ਨੂੰ ਹਾਸਿਲ ਹੁੰਦੀ ਸੀ। ਉਸਤਾਦ ਲੋਕ ਆਪਣੀ ਕਲਾ ਆਮ ਲੋਕਾਂ ਨੂੰ ਨਹੀਂ ਸਿਖਾਉਂਦੇ ਸਨ। ਪੰਡਿਤ ਜੀ ਨੇ ਸੰਪੂਰਨ ਭਾਰਤ ਦਾ ਦੌਰਾ ਕਰਕੇ ਬਹੁਤ ਯਤਨ ਨਾਲ ਇਹ ਚੀਜ਼ਾਂ ਹਾਸਿਲ ਕੀਤੀਆਂ। ਜਿਹਨਾਂ ਉਸਤਾਦਾਂ ਨੇ ਆਪਣਾ ਗਾਇਨ ਸੁਣਾਉਣ ਅਤੇ ਸਿਖਾਉਣ ਤੋਂ ਮਨਾ ਕੀਤਾ ਪੰਡਿਤ ਜੀ ਨੇ ਉਹਨਾਂ ਦਾ ਗਾਣਾ ਛੁੱਪ ਕੇ ਸੁਣਿਆ ਅਤੇ ਫਿਰ ਆਪਣੀ ਸਵਰਲਿਪੀ ਵਿਕਸਿਤ ਕਰਨ ਵਿਚ ਕਾਮਯਾਬ ਹੋਏ ਜੋ ਆਮ ਲੋਕਾਂ ਵਿੱਚ ਪ੍ਰਚਲਿਤ ਹੋਈ ਅਤੇ ਸਰਲ ਸਧਾਰਨ ਢੰਗ ਨੇ ਉਸ ਲਿਪੀ ਨੂੰ ਸੰਗੀਤ ਸਿੱਖਿਆ ਲਈ ਅਪਣਾਇਆ। ਸੰਗੀਤ ਦੇ ਵੱਡਮੁੱਲੇ ਖਜ਼ਾਨੇ ਨੂੰ ਇਸ ਸਵਰਲਿਪੀ ਰਾਹੀਂ ਸੰਭਾਲ ਕੇ ਰੱਖਣ ਦੇ ਉਦੇਸ਼ ਨਾਲ ਉਹਨਾਂ ਕਈ ਹਜ਼ਾਰ ਬੰਦਿਸ਼ਾਂ ਦੀ ਸਵਰਲਿਪੀ ਤਿਆਰ ਕਰਕੇ (ਕ੍ਰਮਿਕ ਪੁਸਤਕ ਮਾਲਿਕਾ) ਸਿਰਲੇਖ ਅਧੀਨ ਛੇ ਭਾਗਾਂ ਵਿੱਚ ਪ੍ਰਕਾਸ਼ਿਤ ਕਰਵਾਇਆ। ਪੰਡਿਤ ਭਾਤਖੰਡੇ ਦੇ ਇਸ ਮਹਾਨ ਕਾਰਜ ਤੋਂ ਹਿੰਦੁਸਤਾਨੀ ਸੰਗੀਤ ਸਿੱਖਣ ਦੇ ਚਾਹਵਾਨ ਯੁੱਗਾਂ-ਯੁੱਗਾਂ ਤਕ ਲਾਭ ਉਠਾਉਂਦੇ ਰਹਿਣਗੇ।

## ਭਾਤਖੰਡੇ ਸਵਰਲਿਪੀ ਦੇ ਚਿੰਨ੍ਹ

1. **ਸਵਰ**
   - ਸ਼ੁੱਧ ਸਵਰ ਲਿਖਣ ਲਈ ਕੋਈ ਚਿੰਨ੍ਹ ਪ੍ਰਯੋਗ ਨਹੀਂ ਕਰਦੇ ਸ ਰੇ ਗ ਮ।
   - ਕੋਮਲ ਸਵਰ ਲਈ ਸਵਰ ਦੇ ਹੇਠਾਂ ਰੇਖਾ ਲਗਾਈ ਜਾਂਦੀ ਹੈ ਜਿਵੇਂ ਰੇ̱ ਗ̱ ਧ̱।
   - ਤੀਵਰ ਸਵਰ ਲਿਖਣ ਲਈ ਮ ਦੇ ਉੱਪਰ ਖੜ੍ਹੀ ਰੇਖਾ ਲਗਾਈ ਜਾਂਦੀ ਹੈ। ਹਿੰਦੁਸਤਾਨੀ ਸੰਗੀਤ ਪਧਤੀ ਵਿਚ ਕੇਵਲ ਮਧਿਅਮ ਸਵਰ ਹੀ ਤੀਵਰ ਹੁੰਦਾ ਹੈ ਜਿਸ ਇਸ ਤਰ੍ਹਾਂ ਲਿਖਿਆ ਜਾਂਦਾ ਹੈ ਮੰ।

2. **ਸਪਤਕ**
   - ਮੰਦਰ ਸਪਤਕ ਦੇ ਸਵਰ ਦਰਸਾਉਣ ਲਈ ਸਵਰਾਂ ਦੇ ਹੇਠਾਂ ਬਿੰਦੀ ਦਾ ਪ੍ਰਯੋਗ ਹੁੰਦਾ ਹੈ ਜਿਵੇਂ ਧ਼ ਪ਼ ਨੀ਼।

Scanned by CamScanner

- ਮਧ ਸਪਤਕ ਦੇ ਸਵਰਾਂ ਲਈ ਕੋਈ ਚਿੰਨ੍ਹ ਨਹੀਂ ਹੁੰਦਾ ਜਿਵੇਂ ਸ ਰੇ ਗ ਮ।
- ਤਾਰ ਸਪਤਕ ਦੇ ਸਵਰਾਂ ਲਈ ਸਵਰ ਦੇ ਉੱਪਰ ਬਿੰਦੀ ਲਗਾਈ ਜਾਂਦੀ ਹੈ। ਜਿਵੇਂ ਰੇਂ ਗਂ ਸਂ।

3. ਸਵਰਮਾਨ (◡)

ਇਸ ਤਰ੍ਹਾਂ ਅੱਧੇ ਚੰਦ ਵਰਗੇ ਚਿੰਨ੍ਹ ਵਿਚ ਜਿੰਨੇ ਸਵਰ ਲਿਖੇ ਹੋਣ ਉਹ ਸਾਰੇ ਇਕ ਮਾਤਰਾ ਕਾਲ ਵਿੱਚ ਬੋਲੇ ਜਾਣਗੇ। ਜਿਵੇਂ ਸਰੇਗ, ਸਰੇਗਮ, ਸਰੇ।

4. ਸਵਰ ਸੰਚਰਤਾ

- ਮੀਂਡ ਦਰਸਾਉਣ ਲਈ ਜਿਹਨਾਂ ਸਵਰਾਂ ਦੇ ਉੱਪਰ ਮੀਂਡ ਦੁਆਰਾ ਪ੍ਰਯੋਗ (⌒) ਵਰਗਾ ਚਿੰਨ੍ਹ ਲਿਖਿਆ ਜਾਵੇ, ਉਹ ਸਵਰ ਮੀਂਡ ਦੁਆਰਾ ਕੀਤੇ ਜਾਣਗੇ। ਜਿਵੇਂ ਧ ਪ ਮ।
- ਕਿਸੇ ਸਵਰ ਦੀ ਛੋਹ ਨਾਲ ਦੂਜੇ ਸਵਰ ਦਾ ਪ੍ਰਯੋਗ ਕਣ ਦਰਸਾਉਂਦਾ ਹੈ। ਜਿਸ ਨੂੰ ਦਰਸਾਉਣ ਦੇ ਲਈ ਸਵਰ ਉੱਪਰ ਖੱਬੇ ਪਾਸੇ ਸਵਰ ਲਿਖਿਆ ਜਾਂਦਾ ਹੈ। ਜਿਵੇਂ ਮਪ।
- ਜਿਹੜੇ ਸਵਰ ਨੂੰ ਖਟਕੇ ਨਾਲ ਕਿਹਾ ਜਾਂਦਾ ਹੈ ਉਸ ਸਵਰ ਬਰੈਕਟ ਵਿੱਚ ਲਿਖਿਆ ਜਾਂਦਾ ਹੈ। ਜਿਸ ਦਾ ਅਰਥ ਹੈ ਪਹਿਲਾਂ ਬਰੈਕਟ ਵਿਚ ਲਿਖੇ ਹੋਏ ਸਵਰ ਤੋਂ ਉੱਤੇ ਸਵਰ ਦਾ ਪ੍ਰਯੋਗ ਫਿਰ ਬਰੈਕਟ ਵਿਚ ਲਿਖੇ ਸਵਰ ਤੋਂ ਹੇਠਲੇ ਸਵਰ ਦਾ ਪ੍ਰਯੋਗ ਅਤੇ ਫਿਰ ਬਰੈਕਟ ਵਿੱਚ ਲਿਖੇ ਸਵਰ ਦਾ ਪ੍ਰਯੋਗ ਹੋਵੇਗਾ। ਉਦਾਹਰਨ (ਧ) ਇਸ ਸਵਰ ਦਾ ਖਟਕਾ ਇਸ ਤਰ੍ਹਾਂ ਕੀਤਾ ਜਾਵੇਗਾ ਨੀਧਪਧ

5. ਗੀਤ ਉਚਾਰਨ

- '_' ਇਹ ਚਿੰਨ੍ਹ ਜਿਹਨਾਂ ਸਵਰਾਂ ਦੇ ਅੱਗੇ ਲਗਿਆ ਹੋਵੇ ਅਤੇ ਜਿੰਨੀ ਵਾਰ ਲਗਿਆ ਹੋਵੇ ਉਸ ਸਵਰ ਨੂੰ ਉੱਨੀ ਹੀ ਮਾਤਰਾ ਕਾਲ ਤਕ ਲੰਬਾ ਕੀਤਾ ਜਾਂਦਾ ਹੈ। ਜਿਵੇਂ ਸ — — ਰੇ — —।
- ਜਿਵੇਂ ਸਵਰਾਂ ਦੀ ਲੰਬਾਈ ਲਈ '_' ਚਿੰਨ੍ਹ ਦਾ ਪ੍ਰਯੋਗ ਹੁੰਦਾ ਹੈ ਉਸੇ ਤਰ੍ਹਾਂ ऽ ਚਿੰਨ੍ਹ ਲਗਾ ਕੇ ਸੰਗੀਤ ਜਾਂ ਗਤ ਦੇ ਬੋਲਾਂ ਨੂੰ ਲੋੜੀਂਦੀ ਮਾਤਰਾ ਕਾਲ ਤਕ ਵਧਾਇਆ ਜਾ ਸਕਦਾ ਹੈ। ਜਿਵੇਂ ਪਿਆ ऽऽऽ।

ਤਾਲ ਚਿੰਨ੍ਹ

- ਹਰ ਤਾਲ ਦੀ ਪਹਿਲੀ ਮਾਤਰਾ ਤੇ ਸਮ ਹੁੰਦਾ ਹੈ ਜਿਸ ਨੂੰ 'X' ਚਿੰਨ੍ਹ ਰਾਹੀਂ ਦਰਸਾਇਆ ਜਾਂਦਾ ਹੈ।

Scanned by CamScanner

• '0' ਚਿੰਨ੍ਹ ਖਾਲੀ ਮਾਤਰਾ ਲਈ ਵਰਤਿਆ ਜਾਂਦਾ ਹੈ।

• ਸਮ ਤੋਂ ਬਾਅਦ ਤਾਲ ਵਿੱਚ ਦਿੱਤੀਆਂ ਤਾਲੀਆਂ ਗਿਣਤੀਆਂ ਉਸ ਅਨੁਸਾਰ 2, 3, 4, 5 ਆਦਿ ਅੰਕਾਂ ਰਾਹੀਂ ਦਰਸਾਈਆਂ ਜਾਂਦੀਆਂ।

## ਪੰਡਿਤ ਵਿਸ਼ਨੂ ਦਿਗੰਬਰ ਸਵਰ ਲਿਪੀ ਪੱਧਤੀ

ਪੰਡਿਤ ਵਿਸ਼ਨੂ ਦਿਗੰਬਰ ਜੀ ਨੇ 1940 ਈ. ਵਿੱਚ ਇਸ ਵਧੀਆ ਸਵਰਲਿਪੀ ਦਾ ਨਿਰਮਾਣ ਕੀਤਾ। ਇਹ ਪੱਧਤੀ ਅੱਜ ਵੀ ਪੰਜਾਬ ਵਿੱਚ ਹੈ ਅਤੇ ਅਨੇਕ ਵਿਦਵਾਨਾਂ ਨੇ ਆਪਣੀਆਂ ਜ਼ਰੂਰਤਾਂ ਲਈ ਇਸ ਪੱਧਤੀ ਨੂੰ ਅਪਣਾਇਆ ਹੈ। ਇਸ ਦੇ ਚਿੰਨ੍ਹ ਹੇਠ ਲਿਖੇ ਹਨ:-

1. ਸਵਰ
   • ਸ਼ੁੱਧ ਸਵਰਾਂ ਲਈ ਕੋਈ ਵੀ ਚਿੰਨ੍ਹ ਨਹੀਂ ਹੈ ਜਿਵੇਂ ਗ ਮ ਪ।
   • ਕੋਮਲ ਸਵਰਾਂ ਦੇ ਲਈ ਸਵਰ ਦੇ ਹੇਠਾਂ ਹਲੰਤ ਜਿਵੇਂ ਰੇ੍ ਗ੍ ਧ੍ ਨੀ੍ ਵਰਤਿਆ ਜਾਂਦਾ ਹੈ।
   • ਤੀਵਰ ਸਵਰ ਮਧਿਅਮ ਲਈ ਵੀ ਹਲੰਤ ਭਾਵ ਮ੍ ਹੀ ਪ੍ਰਯੋਗ ਕੀਤਾ ਜਾਂਦਾ ਹੈ।

2. ਸਪਤਕ
   (i) ਮੱਧ ਸਪਤਕ ਦੇ ਸਵਰਾਂ ਲਈ ਕੋਈ ਚਿੰਨ੍ਹ ਨਹੀਂ।
   (ii) ਮੰਦਰ ਸਪਤਕ ਦੇ ਲਈ ਸਵਰਾਂ ਦੇ ਉੱਪਰ ਬਿੰਦੀ ਦਾ ਪ੍ਰਯੋਗ। ਜਿਵੇਂ ਪੰ ਧੰ ਨੀਂ।
   (iii) ਤਾਰ ਸਪਤਕ ਦੇ ਸਵਰਾਂ ਦੇ ਲਈ ਉੱਪਰ ਖੜ੍ਹੀ ਰੇਖਾ ਦਾ ਪ੍ਰਯੋਗ। ਜਿਵੇਂ ਗ ਰੇ ਸ।

3. ਸਵਰਮਾਨ
   • ਜਿਹੜੇ ਸਵਰਾਂ ਦੇ ਹੇਠਾਂ ਰੇਖਾ ਨਹੀਂ ਹੋਵੇਗੀ ਉਹ ਇੱਕ ਮਾਤਰਾ ਕਾਲ ਵਿੱਚ ਗਾਏ ਜਾਣਗੇ। ਜਿਵੇਂ ਸ, ਰੇ, ਗ, ਮ।
   • ਜਿਨ੍ਹਾਂ ਸਵਰਾਂ ਹੇਠ ~ ਇਹ ਚਿੰਨ੍ਹ ਹੋਵੇਗਾ ਉਹ 2 ਮਾਤਰਾ ਕਾਲ ਤੱਕ ਲੰਬੇ ਕੀਤੇ ਜਾਣਗੇ ਜਿਵੇਂ ਗ ਮ ਭਾਵ ਗਗ ਮਮ।
   • ਅੱਧੀ ਮਾਤਰਾ ਦੇ ਕਾਲ ਵਿੱਚ ਬੋਲੇ ਜਾਣ ਵਾਲੇ ਸਵਰਾਂ ਦੇ ਹੇਠਾਂ 0 ਚਿੰਨ੍ਹ ਲਗਾਇਆ ਜਾਂਦਾ ਹੈ। ਜਿਵੇਂ ਧ ਗ ਪ ਗ।
   • 1/4 ਮਾਤਰਾ ਕਾਲ ਲਈ ਸਵਰ ਹੇਠਾਂ ਲਾਗਵ ਚਿੰਨ੍ਹ ਦਾ ਵਿਧਾਨ ਕੀਤਾ ਜਾਂਦਾ ਹੈ ਜਿਵੇਂ ਗ ਮ ਪ ਧ।

Scanned by CamScanner

- 1/8 ਮਾਤਰਾ ਲਈ ਅਰਧ ਚਿੰਨ੍ਹ ਨੂੰ ਦੁਗਣਾ ਕਰ ਦਿੱਤਾ ਜਾਂਦਾ ਹੈ। ਜਿਵੇਂ ਗੁ ਮੁ ਪੁ ਧੁ ਨ੍ਹੀ।
- 1/3 ਮਾਤਰਾ ਕਾਲ ਦਿਖਾਉਣ ਲਈ ww ਚਿੰਨ੍ਹ ਵਰਤਿਆ ਜਾਂਦਾ ਹੈ।

4. ਸਵਰ ਸੰਗਤਤਾ
- ਮੀਂਡ ਲਈ ⌒ ਚਿੰਨ੍ਹ ਵਰਤਿਆ ਜਾਂਦਾ ਹੈ। ਜਿਵੇਂ ਗਧ।
- ਕਣ ਰੂਪ ਵਿਚ ਪ੍ਰਯੋਗ ਹੋਣ ਵਾਲੇ ਸਵਰ ਨੂੰ ਮੂਲ ਰੂਪ ਦੇ ਸਵਰ ਉੱਪਰ ਲਿਖ ਦਿੱਤਾ ਜਾਂਦਾ ਹੈ। ਜਿਵੇਂ $^{\text{ਮ}}$ਗ।

5. ਤਾਲਲਿਪੀ
- ਤਾਲ ਦੇ ਸਮ ਲਈ '?' ਚਿੰਨ੍ਹ।
- ਤਾਲ ਵਿਚ ਖਾਲੀ ਸਥਾਨ ਲਈ '+' ਚਿੰਨ੍ਹ।
- ਜਿਸ ਮਾਤਰਾ ਤੇ ਤਾਲ ਦੀ ਤਾਲੀ ਹੋਵੇ ਉਹੀ ਮਾਤਰਾ ਸੰਖਿਆ ਸਵਰ ਜਾਂ ਬੋਲਾਂ ਦੇ ਹੇਠਾਂ ਲਿਖ ਦਿੱਤੀ ਜਾਂਦੀ ਹੈ। ਜਿਵੇਂ ਤਿੰਨ ਤਾਲ ਵਿਚ 1, 5, 13।

## ਸਵਰਲਿਪੀ ਪਧਤੀ ਦੇ ਗੁਣ

1. ਸਵਰਲਿਪੀ ਪਧਤੀ ਗੁਰਮੁਖੀ ਸਿੱਖਿਆ ਦਾ ਸਥਾਨ ਨਹੀਂ ਲੈ ਸਕਦੀ ਪਰ ਗੁਰੂ ਤੋਂ ਸਿੱਖ ਕੇ ਜੇ ਕਿਸੇ ਚੀਜ਼ ਨੂੰ ਸਵਰਲਿਪੀ ਪਧਤੀ ਵਿਚ ਲਿਖ ਲਿਆ ਜਾਵੇ ਤਾਂ ਲੰਬੇ ਸਮੇਂ ਬਾਅਦ ਵੀ ਅਸੀਂ ਉਸ ਨੂੰ ਯਾਦ ਕਰ ਸਕਦੇ ਹਾਂ।
2. ਕਿਸੇ ਵਿਸ਼ੇਸ਼ ਕਾਲ ਵਿਚ ਕਿਹੋ ਜਿਹਾ ਸੰਗੀਤ ਸੀ ਇਸ ਬਾਰੇ ਗਿਆਨ ਰੱਖਣ ਲਈ ਵੀ ਸਵਰਲਿਪੀ ਪਧਤੀ ਸੰਗੀਤ ਦੇ ਜਗਿਆਸੂਆਂ ਲਈ ਸਹਾਇਕ ਸਾਬਿਤ ਹੁੰਦੀ ਹੈ।
3. ਸ਼ਾਸਤਰੀ ਸੰਗੀਤ ਪਹਿਲਾਂ ਜਨ ਸਧਾਰਨ ਦੀ ਪਹੁੰਚ ਤੋਂ ਬਾਹਰ ਸੀ ਪਰ ਹੁਣ ਹਰ ਆਦਮੀ ਸਵਰਲਿਪੀ ਪਧਤੀ ਤੋਂ ਲਾਭ ਲੈ ਕੇ ਸੰਗੀਤ ਸਿੱਖ ਸਕਦਾ ਹੈ।
4. ਜੋ ਕਲਾਕਾਰ ਆਪਣੇ ਘਰਾਣੇ ਤੋਂ ਬਾਹਰ ਸੰਗੀਤ ਦੀ ਤਾਲੀਮ ਨਹੀਂ ਦਿੰਦੇ, ਉਹਨਾਂ ਦੀਆਂ ਅਮੁੱਲ ਬੰਦਿਸ਼ਾਂ ਨੂੰ ਸੁਣ ਕੇ ਸਵਰਲਿਪੀ ਪਧਤੀ ਰਾਹੀਂ ਲਿਖ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

Scanned by CamScanner

5. ਜੇਕਰ ਸਵਰ, ਤਾਲ, ਮਾਤਰਾ ਵਿਚ ਰੈਠ ਮਾਤਰਾ ਕਾਲ ਆਦਿ ਦਾ ਸਹੀ ਧਿਆਨ ਰੱਖਿਆ ਜਾਵੇ ਤਾਂ ਇਹ ਪਧਤੀ ਉਦੇਸ਼ ਪ੍ਰਾਪਤੀ ਦਾ ਇਕ ਸਰਲ ਸਾਧਨ ਸਾਬਿਤ ਹੋਵੇਗੀ।

<u>ਸਵਰਲਿਪੀ ਪਧਤੀ ਦੇ ਅਵਗੁਣ</u>

1. ਸਵਰਾਂ ਦੇ ਅਤੀ ਕੋਮਲ, ਤੀਵਰਤਰ ਆਦਿ ਸੂਖਮਤਾਵਾਂ ਅਤੇ ਭੇਦ ਸਵਰਲਿਪੀ ਨਾਲ ਪ੍ਰਗਟਾਏ ਜਾਂਦੇ ਨਹੀਂ। ਇਹ ਕੇਵਲ ਗੁਰਮੁਖ ਤੋਂ ਹੀ ਸਿੱਖੇ ਜਾਂਦੇ ਹਨ। ਦਰਬਾਰੀ ਕਾਨ੍ਹੜਾ ਦੇ ਕੋਮਲ ਗੰਧਾਰ ਅਤੇ ਕੋਮਲ ਧੈਵਤ ਰਾਗ ਅੜਾਣਾ ਦੇ ਕੋਮਲ ਗੰਧਾਰ ਅਤੇ ਕੋਮਲ ਧੈਵਤ ਤੋਂ ਵੱਖਰੇ ਭਿੰਨ ਹਨ, ਇਹ ਪਧਤੀ ਨਹੀਂ ਸਿਖਾ ਸਕਦੀ।

2. ਮੁਰਕੀ, ਮੀਂਡ, ਸਵਰ ਲਗਾਵ, ਉਚਾਰਨ ਢੰਗ ਆਦਿ ਸੰਗੀਤਕ ਵਿਸ਼ੇਸ਼ਤਾਵਾਂ ਸਵਰਲਿਪੀ ਪਧਤੀ ਰਾਹੀਂ ਨਹੀਂ ਸਿਖੀਆਂ ਜਾ ਸਕਦੀਆਂ। ਇਹ ਵਿਸ਼ੇਸ਼ਤਾਵਾਂ ਪ੍ਰਯੋਗਾਤਮਕ (Practically) ਤਰੀਕੇ ਨਾਲ ਹੀ ਗਾ ਕੇ ਵਿਚ ਆ ਸਕਦੀਆਂ ਹਨ।

3. ਇਹਨਾਂ ਦੋ ਸਵਰ ਲਿਪੀਆਂ ਤੋਂ ਇਲਾਵਾ ਹੋਰ ਵੀ ਵਿਦਵਾਨਾਂ ਨੇ ਆਪਣੀਆਂ ਸਵਰਲਿਪੀ ਪਧਤੀਆਂ ਦਾ ਨਿਰਮਾਣ ਕੀਤਾ ਹੈ, ਜਿਸ ਕਾਰਨ ਕਿਤਾਬਾਂ ਰਾਹੀਂ ਸੰਗੀਤ ਸਿੱਖਣ ਵਾਲਿਆਂ ਨੂੰ ਕਠਿਨਾਈਆਂ ਆਉਂਦੀਆਂ ਹਨ। ਬਦਕਿਸਮਤੀ ਨਾਲ ਕਿਸੇ ਵੀ ਲਿਪੀ ਨੂੰ ਸੰਪੂਰਨ ਸਵਰਲਿਪੀ ਨਹੀਂ ਕਿਹਾ ਜਾ ਸਕਦਾ।

4. ਸਵਰਲਿਪੀ ਪਧਤੀ ਨੇ ਗੁਰੂਆਂ ਦਾ ਸਥਾਨ ਖ਼ਤਮ ਕਰ ਦਿੱਤਾ ਹੈ। ਅਸੀਂ ਦੇਸ਼ ਦੇ ਵਿਦਿਆਰਥੀ ਸੰਗੀਤ ਨੂੰ ਬਾਕੀ ਵਿਸ਼ਿਆਂ ਦੇ ਬਰਾਬਰ ਸਮਝਣ ਲੱਗ ਪਏ ਹਨ ਜਦ ਕਿ ਸ਼ੈਲੀ, ਰਸਿਕਤਾ ਅਤੇ ਬਾਰੀਕੀ, ਸ਼ੁਧ ਸਵਰ ਦਾ ਅੰਤਰ ਕੇਵਲ ਗੁਰੂ ਮੁਖ ਤੋਂ ਹੀ ਸਿੱਖਿਆ ਜਾ ਸਕਦਾ ਹੈ।

5. ਸਵਰਲਿਪੀ ਪਧਤੀ ਨੇ ਕਿਰਿਆਤਮਕ ਪੱਖ ਦੇ ਅਭਿਆਸ ਨੂੰ ਸੀਮਤ ਕਰ ਦਿੱਤਾ ਹੈ ਅਤੇ ਕਿਤਾਬੀ ਗਿਆਨ ਵਧਣ ਕਾਰਨ ਵਿਦਿਆਰਥੀ ਮਿਹਨਤੀ ਨਹੀਂ ਰਹੇ ਅਤੇ ਰਿਆਜ਼ ਤੋਂ ਵੀ ਦੂਰ ਹੋ ਗਏ ਹਨ। ਪੁਸਤਕਾਂ ਦਾ ਅਧਿਐਨ ਰਾਗ ਸੁੰਦਰਤਾ ਅਤੇ ਸੰਗੀਤਕ ਵਿਸ਼ੇਸ਼ਤਾਵਾਂ ਨਹੀਂ ਸਿਖਾ ਸਕਦਾ।

Scanned by CamScanner

# ਸਿੱਟਾ

ਸਮਕਾਲੀ ਪਧਤੀ ਦੀ ਸਭ ਤੋਂ ਵੱਡੀ ਉਪਯੋਗਤਾ ਇਹ ਹੈ ਕਿ ਇਹ ਗੁਰੂ ਤੋਂ ਸਿੱਖੀ ਚੀਜ਼ ਨੂੰ ਯਾਦ ਰੱਖਣ ਵਿਚ ਸਹਾਇਤਾ ਕਰਦੀ ਹੈ ਅਤੇ ਔਖੀਆਂ ਚੀਜ਼ਾਂ ਦਾ ਸਮਾਧਾਨ ਕਰਵਾਉਂਦੀ ਹੈ। ਪਰ ਇਹ ਗੁਰਮੁਖੀ ਸਿੱਖਿਆ ਦਾ ਸਥਾਨ ਕਦੀ ਨਹੀਂ ਲੈ ਸਕਦੀ। ਤਰ ਇਹ ਹੈ ਕਿ ਇਸ ਨੂੰ ਸਰਕਾਰ ਤੋਂ ਜ਼ਿਆਦਾ ਸਹੂਲਤਾਂ ਮਿਲ ਜਾਣ ਨਾਲ ਗੁਰਮੁਖੀ ਪਰੰਪਰਾਵਾਂ, ਸੰਗੀਤਕ ਸੁਵਿਧਾਵਾਂ ਅਤੇ ਵਿਸ਼ੇਸ਼ਤਾਵਾਂ ਅਲੋਪ ਨਾ ਹੋ ਜਾਣ।